


# ਦੁਬਈ 'ਚ ਪੰਜਾਬੀਆਂ ਦਾ ਟਰਾਂਸਪੋਰਟ ਕਾਰੋਬਾਰ

*ਪਰਮਜੀਤ ਸਿੰਘ*

***ਟਰਾਂਸਪੋਰਟ ਧੰਦੇ ਨਾਲ ਜੁੜੇ ਪੰਜਾਬੀਆਂ ਦੇ ਸਥਾਨਕ ਪ੍ਰਸ਼ਾਸਨ ਤੇ ਲੋਕਾਂ ਵਿਚ ਆਪਣੀ ਇਕ ਵਿਸ਼ੇਸ਼ ਥਾਂ ਬਣਾਈ ਆਪਣੇ ਕਿੱਤੇ ਪ੍ਰਤੀ ਲਗਨ ਤੇ ਇਮਾਨਦਾਰੀ ਨਾਲ ਵਿਚਰਨਾ ਉਨ੍ਹਾਂ ਦਾ ਸੁਭਾਅ ਹੈ। ਉਦੋਂ ਹੋਰ ਵੀ ਮਾਣ ਹੁੰਦਾ ਹੈ ਜਦੋਂ ਪੰਜਾਬੀਆਂ ਦੇ ਸੁਭਾਅ ਦੀ ਹਾਂ ਪੱਖੀ ਚਰਚਾ .ਗੈਰ ਪੰਜਾਬ ਜਾਂ ਸਥਾਨਕ ਅਰਬੀ ਲੋਕ ਵੀ ਕਰਦੇ ਹਨ। ਮੇਰੀ ਇਹ ਦੁਬਈ 'ਚ ਦੂਜੀ ਫੇਰੀ ਸੀ ਇਸ ਵਾਰ ਮੈਂ ਦੁਬਈ 'ਚ ਪੰਜਾਬੀਆਂ ਟਰਾਂਸਪੋਰਟ ਦੇ ਧੰਦੇ ਨੂੰ ਨੇੜਿਉਂ ਵੇਖਿਆ ਹੈ। ਮੈਨੂੰ ਆਪਣੇ ਦੇਸ਼ ਦੇ ਟਰਾਂਸਪੋਰਟ ਸਿਸਟਮ ਤੇ ਦੁਬਈ ਦੇ ਟਰਾਂਸਪੋਰਟ ਸਿਸਟਮ 'ਚ ਬਹੁਤ ਫਰਕ ਨਜ਼ਰ ਆਇਆ। ਦੁਬਈ ਵਿਚ ਭਾਰਤ ਵਾਂਗ ਟਰੱਕ ਅਪਰੇਟਰਾਂ ਤੇ ਚਾਲਕਾਂ ਨੂੰ ਵਾਧੂ ਦੀ ਸਰਕਾਰੀ ਦਖ਼ਲ-ਅੰਦਾਜ਼ੀ ਜਾਂ ਰਿਸ਼ਵਤਖੋਰੀ ਨਹੀਂ, ਜਿਸ ਕਰਕੇ ਪੰਜਾਬੀ ਟਰਾਂਸਪੋਰਟਰ ਸੌਖੇ ਹਨ। ਵਪਾਰਕ ਤੌਰ 'ਤੇ ਢੋਅ-ਢੁਆਈ ਦਾ ਕੰਮ ਵੀ ਦਿਨ-ਰਾਤ ਮੁਕਦਾ ਨਹੀਂ ਉਸਾਰੀ ਮੈਟੀਰੀਅਲ ਸਮੇਤ ਬੰਦਰਗਾਹਾਂ ਤੋਂ ਢੋਆ-ਢੁਆਈ ਲਗਾਤਾਰ ਚਲਦੀ ਹੈ। ਵਾਟਰ ਟੈਂਕਰ ਤੇ ਡਰੇਨਜ਼ ਟੈਂਕਰ ਦੇ ਵੀ ਕਾਫੀ ਟਰਾਂਸਪੋਰਟ ਹੈ। ਸਭ ਕੁਝ ਪਾਰਦਰਸ਼ੀ ਹੈ। ਟਰੱਕ ਵਾਲਿਆਂ ਨੂੰ ਗਲਤੀ ਤੋਂ ਬਿਨਾਂ ਪੁਲੀਸ ਨੇ ਫੜਨਾ ਨਹੀਂ ਜੇਕਰ ਉਲੰਘਣਾ ਹੋ ਗਈ ਤਾਂ ਛੱਡਣਾ ਨਹੀਂ। ਜੋ ਅਜਿਹਾ ਕੁਲ ਆਪਣੇ ਦੇਸ਼ ਭਾਰਤ ਵਿਚ ਨਹੀਂ ਚਲਦਾ। ਉਸੇ ਕਿਰਤ ਤੇ ਕਾਰੋਬਾਰੀ ਸਿਸਟਮ ਵਿਚ ਹਰ ਮਿਹਨਤਕਸ਼ ਟਰਾਂਸਪੋਰਟ ਬਣ ਸਕਦਾ ਹੈ।***



ਪੰਜਾਬੀਆਂ ਨੇ ਭਾਵੇਂ ਰੁਜਗਾਰ ਜਾਂ ਬਿਜਨਸ ਲਈ ਕਲਕੱਤੇ ਪ੍ਰਵਾਸ ਕੀਤਾ ਜਾਂ ਕੈਲੇਫੋਰਨੀਆਂ ਉਨ੍ਹਾਂ ਹਮੇਸ਼ਾਂ ਟਰਾਂਸਪੋਰਟ ਦੇ ਕਾਰੋਬਾਰ ਨੂੰ ਤਰਜੀਹ ਦਿੱਤੀ। ਅੱਜ ਪੰਜਾਬ ਵਿਚ ਭਾਵੇਂ ਟਰਾਂਸਪੋਰਟ ਦਾ ਧੰਦਾ ਦਿਨੋ-ਦਿਨ ਘਾਟੇ ਵਾਲਾ ਸਿੱਧ ਹੁੰਦਾ ਜਾ ਰਿਹਾ ਹੈ ਪਰ ਵਿਦੇਸ਼ਾਂ ਵਿਚ ਪੰਜਾਬੀ ਟਰਾਂਸਪੋਰਟ ਦੇ ਕਿੱਤੇ ਨੂੰ ਸਭ ਤੋਂ ਸਫ਼ਲ ਕਿੱਤਿਆਂ ਦੇ ਵਿਚ ਮੰਨਦੇ ਹਨ। ਅੱਜ ਪੰਜਾਬੀ ਕਨੇਡਾ ਅਤੇ ਅਮਰੀਕਾ ਵਿਚ ਤਕੜੇ ਟਰਾਂਸਪੋਰਟ ਕਾਰੋਬਾਰ ਚਲਾਉਂਦੇ ਹਨ। ਉਥੇ ਅਰਬ ਦੇਸ਼ ਯੁਨਾਈਟਡ ਅਰਬ ਅਮੀਰਾਤ ਵਿਖੇ ਵੀ ਸਫ਼ਲ ਟਰਾਂਸਪੋਰਟ ਕਾਰੋਬਾਰੀ ਅਖਵਾਉਂਦੇ ਹਨ ਇਕ ਅਨੁਮਾਨ ਅਨੁਸਾਰ ਅੱਜ ਦੁਬਈ ਵਿਚ ਪੰਜਾਬੀਆਂ ਦਾ ਕੋਈ 20 ਕੁ ਹਜ਼ਾਰ ਟਰੱਕ ਦਿਨ ਰਾਤ ਸੜਕਾਂ ਤੇ ਦੌੜਦਾ ਹੈ। ਦੁਬਈ ਦੀ ਟੋਟਲ ਟਰਾਂਸਪੋਰਟਰ ਦਾ 70% ਬਿਜਨਸ ਪੰਜਾਬੀਆਂ ਦੇ ਹੱਥਾਂ ਵਿਚ ਹੈ 100 ਤੋਂ ਲੈ ਕੇ 500 ਗੱਡੀਆਂ ਵਾਲੇ ਦਰਜਨਾਂ ਟਰਾਂਸਪੋਰਟਰ ਹਨ। ਬਾਕੀ 10 ਤੋਂ ਲੈ ਕੇ 40-50 ਜਾਂ 70-80 ਗੱਡੀਆਂ ਵਾਲੇ ਵੀ ਸੈਂਕੜੇ ਟਰਾਂਸਪੋਰਟ ਹਨ। ਗੱਲ ਦੀ ਦੁਬਈ 'ਚ ਪੰਜਾਬੀਆਂ ਦੇ ਟਰਾਂਸਪੋਰਟ ਦੀ ਕੰਮ ਵਿਚ ਕਿਸੇ ਵੀ ਹੋਰ ਕੌਮ ਜਾਂ ਨਸਲ ਦੇ ਲੋਕਾਂ ਨੂੰ ਅੱਗੇ ਨਹੀਂ ਨਿਕਲਣ ਦਿੱਤਾ।

ਟਰਾਂਸਪੋਰਟ ਧੰਦੇ ਨਾਲ ਜੁੜੇ ਪੰਜਾਬੀਆਂ ਦੇ ਸਥਾਨਕ ਪ੍ਰਸ਼ਾਸਨ ਤੇ ਲੋਕਾਂ ਵਿਚ ਆਪਣੀ ਇਕ ਵਿਸ਼ੇਸ਼ ਥਾਂ ਬਣਾਈ ਆਪਣੇ ਕਿੱਤੇ ਪ੍ਰਤੀ ਲਗਨ ਤੇ ਇਮਾਨਦਾਰੀ ਨਾਲ ਵਿਚਰਨਾ ਉਨ੍ਹਾਂ ਦਾ ਸੁਭਾਅ ਹੈ। ਉਦੋਂ ਹੋਰ ਵੀ ਮਾਣ ਹੁੰਦਾ ਹੈ ਜਦੋਂ ਪੰਜਾਬੀਆਂ ਦੇ ਸੁਭਾਅ ਦੀ ਹਾਂ ਪੱਖੀ ਚਰਚਾ ਗ਼ੈਰ ਪੰਜਾਬ ਜਾਂ ਸਥਾਨਕ ਅਰਬੀ ਲੋਕ ਵੀ ਕਰਦੇ ਹਨ। ਮੇਰੀ ਇਹ ਦੁਬਈ 'ਚ ਦੂਜੀ ਫੇਰੀ ਸੀ ਇਸ ਵਾਰ ਮੈਂ ਦੁਬਈ 'ਚ ਪੰਜਾਬੀਆਂ ਟਰਾਂਸਪੋਰਟ ਦੇ ਧੰਦੇ ਨੂੰ ਨੇੜਿਉਂ ਵੇਖਿਆ ਹੈ। ਮੈਨੂੰ ਆਪਣੇ ਦੇਸ਼ ਦੇ ਟਰਾਂਸਪੋਰਟ ਸਿਸਟਮ ਤੇ ਦੁਬਈ ਦੇ ਟਰਾਂਸਪੋਰਟ ਸਿਸਟਮ 'ਚ ਬਹੁਤ ਫਰਕ ਨਜ਼ਰ ਆਇਆ। ਦੁਬਈ ਵਿਚ ਭਾਰਤ ਵਾਂਗ ਟਰੱਕ ਅਪਰੇਟਰਾਂ ਤੇ ਚਾਲਕਾਂ ਨੂੰ ਵਾਧੂ ਦੀ ਸਰਕਾਰੀ ਦਖ਼ਲ-ਅੰਦਾਜ਼ੀ ਜਾਂ ਰਿਸ਼ਵਤਖੋਰੀ ਨਹੀਂ, ਜਿਸ ਕਰਕੇ ਪੰਜਾਬੀ ਟਰਾਂਸਪੋਰਟਰ ਸੌਖੇ ਹਨ। ਵਪਾਰਕ ਤੌਰ 'ਤੇ ਢੋਅ-ਢੁਆਈ ਦਾ ਕੰਮ ਵੀ ਦਿਨ-ਰਾਤ ਮੁਕਦਾ ਨਹੀਂ ਉਸਾਰੀ ਮੈਟੀਰੀਅਲ ਸਮੇਤ ਬੰਦਰਗਾਹਾਂ ਤੋਂ ਢੋਆ-ਢੁਆਈ ਲਗਾਤਾਰ ਚਲਦੀ ਹੈ। ਵਾਟਰ ਟੈਂਕਰ ਤੇ ਡਰੇਨਜ਼ ਟੈਂਕਰ ਦੇ ਵੀ ਕਾਫੀ ਟਰਾਂਸਪੋਰਟ ਹੈ। ਸਭ ਕੁਝ ਪਾਰਦਰਸ਼ੀ ਹੈ। ਟਰੱਕ ਵਾਲਿਆਂ ਨੂੰ ਗਲਤੀ ਤੋਂ ਬਿਨਾਂ ਪੁਲੀਸ ਨੇ ਫੜਨਾ ਨਹੀਂ ਜੇਕਰ ਉਲੰਘਣਾ ਹੋ ਗਈ ਤਾਂ ਛੱਡਣਾ ਨਹੀਂ। ਜੋ ਅਜਿਹਾ ਕੁਲ ਆਪਣੇ ਦੇਸ਼ ਭਾਰਤ ਵਿਚ ਨਹੀਂ ਚਲਦਾ। ਉਸੇ ਕਿਰਤ ਤੇ ਕਾਰੋਬਾਰੀ ਸਿਸਟਮ ਵਿਚ ਹਰ ਮਿਹਨਤਕਸ਼ ਟਰਾਂਸਪੋਰਟ ਬਣ ਸਕਦਾ ਹੈ। ਅਜਿਹਾ ਅਸੀਂ ਅੱਜ ਵੱਡੀਆਂ ਟਰਾਂਸਪੋਰਟਾਂ ਦੇ ਮਾਲਕਾਂ ਨੂੰ ਵੇਖ ਕੇ ਕਹਿ ਸਕਦੇ ਹਾਂ ਜੋ ਦੁਬਈ 'ਚ ਮਜ਼ਦੂਰ ਬਣਕੇ ਆਏ ਤੇ ਫਿਰ ਡਰਾਇਵਰੀ ਤੋਂ ਟਰਾਂਸਪੋਰਟਰ ਤੱਕ ਪਹੁੰਚ ਗਏ। ਅੱਜ-ਪੰਜਾਬ ਟਰਾਂਸਪੋਰਟ, ਸਤਲੁਜ ਟਰਾਂਸਪੋਰਟ, ਦੋਆਬਾਂ ਟਰਾਂਸਪੋਰਟ, ਗਿੱਲ ਟਰਾਂਸਪੋਰਟ ਤੇ ਆਲ ਅਹਿਮਦ ਆਦਿ ਨਾਂ ਦੁਬਈ 'ਚ ਮਸ਼ਹੂਰ ਹਨ।

ਦੁਬਈ ਦੇ ਟਰਾਂਸਪੋਰਟ ਖੁਦ ਦੁਬਈ ਦੇ ਟਰਾਂਸਪੋਰਟ ਕਾਰੋਬਾਰ ਨੂੰ ਦੁਨੀਆਂ ਭਰ ਦੇ ਟਰਾਂਸਪੋਰਟ ਕਾਰੋਬਾਰ ਨਾਲੋਂ ਵਧੀਆ, ਸੁਖਾਲਾ ਤੇ ਕਮਾਊ ਮੰਨਦੇ ਹਨ। ਕਿਉਂਕਿ ਉਨ੍ਹਾਂ ਨੇ ਪੰਜਾਬ ਸਮੇਤ ਪੱਛਮੀ ਮੁਲਕਾਂ ਦਾ ਟਰਾਂਸਪੋਰਟ ਸਿਸਟਮ ਵੀ ਵੇਖਿਆ ਹੈ। ਭਾਵੇਂ ਕਈਆਂ ਨੇ ਪੱਛਮੀ ਮੁਲਕਾਂ ਵਿਚ ਜਾ ਕੇ ਟਰਾਂਸਪੋਰਟ ਬਿਜਨਸ ਚਲਾਉਣ ਦੀ ਵੀ ਸੋਚੀ ਪਰ ਆਖਿਰ ਉਹ ਮੁੜ ਦੁਬਈ ਪਰਤ ਆਏ।

ਏਮੀਰਾਤ ਦੇ ਦੁਬਈ ਸ਼ਹਿਰ ਦੇ ਨਾਲ-ਨਾਲ ਸ਼ਾਰਜਾਹ, ਆਬੂਧਾਬੀ ਅਤੇ ਅਜਮਾਨ ਤੇ ਰਸਅਲਖੇਮਾਂ ਵਿਚ ਵੀ ਪੰਜਾਬੀ ਟਰਾਂਸਪੋਰਟ ਵੱਡੀ ਗਿਣਤੀ 'ਚ ਵਸਦੇ ਹਨ। ਆਖਿਰ ਪੰਜਾਬੀ ਦੁਬਈ ਦੇ ਟਰਾਂਸਪੋਰਟ ਬਿਜਨਸ ਵਿਚ ਇੰਨਾ ਪੈਸਾ ਕਿਉਂ ਲਾਉਂਦੇ ਹਨ ਇਸਦੇ ਪਿੱਛੇ ਵੀ ਕਈ ਕਾਰਨ ਹੈ ਦੁਬਈ ਗਏ ਪਹਿਲੇ ਦੌਰ ਦੇ ਪ੍ਰਵਾਸੀ ਪੰਜਾਬੀ ਮਿਹਨਤ ਕਰਕੇ ਟਰੱਕ ਜਾਂ ਟਰਾਲੇ ਵਗੈਰਾ ਪਾਉਂਦੇ ਸਨ ਪਰ ਅੱਜਕੱਲ੍ਹ ਸਰਦੇ-ਪੁਜਦੇ ਘਰਾਂ ਦੇ ਮੁੰਡੇ 2-4 ਸਾਲ ਡਰਾਈਵਰੀ ਕਰਕੇ ਜ਼ਮੀਨ ਵੇਚ ਕੇ ਟਰੱਕ ਪਾਉਂਦੇ ਹਨ, ਸਭ ਤੋਂ ਵੱਡਾ ਕਾਰਨ ਹੈ।

ਇਥੇ ਪੁਰਾਣੀਆਂ ਗੱਡੀਆਂ ਉਹ ਵੀ ਬੈਂਕ ਵੱਲੋਂ ਫਾਈਨਾਂਸ ਦੀ ਸਹੂਲਤ ਨਾਲ ਮਿਲ ਜਾਂਦੀਆਂ ਹਨ ਤੇ ਕੰਮ ਦੀ ਬਹੁਤਾਤ ਹੋਣ ਕਰਕੇ ਉਹ ਸਾਲ ਦੋ ਸਾਲ 'ਚ ਗੱਡੀ ਫਰੀ ਕਰ ਲੈਂਦੇ ਹਨ। ਦੂਜਾ ਇਥੇ ਕਾਰੋਬਾਰ ਸਾਫ ਸੁਥਰਾ ਹੈ। ਉਸਾਰੀ ਦੇ ਵਿੱਢੇ ਹੋਏ ਪ੍ਰੋਜੈਕਟਾਂ ਨੂੰ ਵੇਖ ਕੇ ਲੱਗਦਾ ਹੈ ਇਥੇ ਅਜੇ 10-12 ਸਾਲ ਕੰਮ ਦਾ ਕੋਈ ਘਾਟਾ ਨਹੀਂ। ਅਤੇ ਕਿਸੇ ਵੀ ਕੰਮ ਵਿਚ ਜੇਕਰ 10 ਸਾਲ ਤੋਂ ਉੱਪਰ ਦੀ ਗਰੰਟੀ ਤੁਹਾਨੂੰ ਨਜ਼ਰਾ ਆਉਂਦੀ ਹੋਏ ਤਾਂ ਉਹ ਕਿਵੇਂ ਨਾ ਇਸ ਧੰਦੇ ਵੱਲ ਖਿੱਚੇ ਜਾਣ। ਉਹ ਵੀ ਪੰਜਾਬੀ! ਸੋ ਇਸ ਤਰ੍ਹਾਂ ਦੁਬਈ 'ਚ ਪੰਜਾਬੀਆਂ ਦਾ ਟਰਾਂਸਪੋਰਟ ਕਾਰੋਬਾਰ ਇਕ ਪ੍ਰਫੁਲਤ ਕਾਰੋਬਾਰ ਹੈ। ਟਰਾਂਸਪੋਰਟ ਦੇ ਪ੍ਰਮੁੱਖ ਧੰਦੇ ਦੇ ਨਾਲ-ਨਾਲ ਉਸ ਨਾਲ ਜੁੜਵੇ ਸਹਾਇਕ ਧੰਦੇ ਵੀ ਪੰਜਾਬੀਆਂ ਕੋਲ ਹੀ ਹਨ। ਕੁਲ ਮਿਲਾ ਕੇ ਦੁਬਈ 'ਚ ਪੰਜਾਬੀਆਂ ਦਾ ਟਰਾਂਸਪੋਰਟ ਕਾਰੋਬਾਰ ਬਾਕੀ ਦੁਨੀਆਂ ਦੇ ਪੰਜਾਬੀਆਂ ਲਈ ਪ੍ਰੇਰਨਾ ਵੀ ਹੈ ਤੇ ਮਾਣ ਵੀ ਹੈ।

**www.mehakwatandilive.com**

**ਧਾਰਮਿਕ ਪ੍ਰੋਗਰਾਮ, ਖੇਡ ਮੇਲੇ ਅਤੇ ਸਾਹਿਤਕ ਸਮਾਗਮਾ ਦਾ "ਮਹਿਕ ਵਤਨ ਦੀ ਲਾਈਵ" ਵੈਬ ਟੀ.ਵੀ. ਤੇ ਲਾਈਵ ਟੈਲੀਕਾਸਟ ਕਰਵਾਉਣ ਲਈ ਸੰਪਰਕ ਕਰੋ:**




**Help Line: 9988 92 9988**